# ਸਾਡੇ ਘਰਾਂ ਨੂੰ ਮੁੜ ਤਾਕਤ ਦੇਣਾ (Repowering Our Homes): ਊਰਜਾ ਬਿੱਲ ਬੱਚਤ ਯੋਜਨਾ

Renew AUSTRALIA FOR ALL

**ਹਰੇਕ ਆਸਟ੍ਰੇਲੀਆ ਵਾਸੀ ਨੂੰ ਅਜਿਹੇ ਘਰ ਵਿੱਚ ਰਹਿਣ ਦੇ ਯੋਗ ਹੋਣਾ ਚਾਹੀਦਾ ਹੈ ਜੋ ਨਿੱਘਾ ਰੱਖਣ, ਠੰਢਾ ਕਰਨ ਅਤੇ ਖਾਣਾ ਪਕਾਉਣ ਲਈ ਸੁਰੱਖਿਅਤ ਅਤੇ ਕਿਫਾਇਤੀ ਹੋਵੇ, ਭਾਂਵੇਂ ਉਹ ਕਿਰਾਏ 'ਤੇ ਰਹਿਣ, ਆਪਣੇ ਘਰ ਦੇ ਮਾਲਕ ਹੋਣ, ਜਾਂ ਕਿਸੇ ਘਰ, ਯੂਨਿਟ ਜਾਂ ਅਪਾਰਟਮੈਂਟ ਵਿੱਚ ਰਹਿੰਦੇ ਹੋਣ।**

ਇਸ ਸਮੇਂ, ਬਹੁਤ ਸਾਰੇ ਆਸਟ੍ਰੇਲੀਆ ਵਾਸੀ ਇਸ ਨੂੰ ਮੁਸ਼ਕਿਲ ਨਾਲ ਕਰ ਪਾ ਰਹੇ ਹਨ, ਵੱਡੀਆਂ, ਨਿੱਜੀ ਊਰਜਾ ਕੰਪਨੀਆਂ ਦੀ ਮੁਨਾਫ਼ਾਖੋਰੀ ਅਤੇ ਬਾਜ਼ਾਰ ਦੀਆਂ ਸ਼ਕਤੀਆਂ ਦੀ ਮਨਮਰਜ਼ੀ ਕਾਰਨ ਘਰੇਲੂ ਊਰਜਾ ਬਿੱਲਾਂ ਵਿੱਚ ਵਾਧਾ ਹੋਇਆ ਹੈ।

ਆਸਟ੍ਰੇਲੀਆ ਦੇ 30 ਪ੍ਰਤੀਸ਼ਤ ਲੋਕਾਂ ਨੇ ਪਹਿਲਾਂ ਹੀ ਛੱਤ 'ਤੇ ਸੋਲਰ ਲਗਵਾ ਕੇ ਅਤੇ ਬਿਜਲੀ ਦੇ ਉਪਕਰਣਾਂ, ਥਰਮਲ ਕੁਸ਼ਲਤਾ ਅਤੇ ਬੈਟਰੀਆਂ ਵਰਗੇ ਅੱਪਗ੍ਰੇਡਾਂ ਦੀ ਵਰਤੋਂ ਕਰਕੇ ਆਪਣੇ ਊਰਜਾ ਬਿੱਲਾਂ ਦਾ ਕੰਟਰੋਲ ਵਾਪਸ ਆਪਣੇ ਹੱਥ ਵਿੱਚ ਲੈ ਲਿਆ ਹੈ ਤਾਂ ਜੋ ਉਨ੍ਹਾਂ ਦੇ ਘਰ ਨੂੰ ਨਿੱਘਾ ਕਰਨ, ਠੰਢਾ ਕਰਨ, ਖਾਣਾ ਪਕਾਉਣ ਲਈ ਅਤੇ ਆਵਾਜਾਈ ਨੂੰ ਊਰਜਾ ਦਿੱਤੀ ਜਾ ਸਕੇ।

ਪਰ, ਬਹੁਤ ਸਾਰੇ ਲੋਕ, ਖਾਸ ਕਰਕੇ ਘੱਟ ਆਮਦਨ ਵਾਲੇ ਲੋਕ, ਆਪਣੇ ਬਿੱਲਾਂ ਵਿੱਚ ਕਟੌਤੀ ਕਰਨ ਦੇ ਇਸ ਮੌਕੇ ਤੋਂ ਖੁੰਝ ਰਹੇ ਹਨ।

ਹੁਣ ਸਮਾਂ ਆ ਗਿਆ ਹੈ ਕਿ ਹਰੇਕ ਆਸਟ੍ਰੇਲੀਆ ਵਾਸੀ ਨੂੰ ਆਪਣੇ ਘਰਾਂ ਵਿੱਚ ਆਸਟ੍ਰੇਲੀਆ ਦੀ ਭਰਪੂਰ ਧੁੱਪ ਅਤੇ ਹਵਾ ਦੀ ਸ਼ਕਤੀ ਦੀ ਵਰਤੋਂ ਕਰਕੇ ਆਪਣੇ ਊਰਜਾ ਬਿੱਲਾਂ ਵਿੱਚ ਕਟੌਤੀ ਕਰਨ ਲਈ ਸਮਰੱਥ ਬਣਾਇਆ ਜਾਵੇ।

**ਸਾਨੂੰ ਹੇਠ ਲਿਖਿਆ ਕਰਨ ਲਈ ਫ਼ੈਡਰਲ ਸਰਕਾਰ ਤੋਂ ਤੁਰੰਤ ਨਿਵੇਸ਼ ਦੀ ਲੋੜ ਹੈ:**

- ✅ ਹਰ ਕਿਸੇ ਲਈ ਊਰਜਾ ਦੇ ਘੱਟ ਬਿੱਲ। ਚੰਗੇ ਲਈ।
- ✅ ਇਸ ਨੂੰ ਮੁਸ਼ਕਿਲ ਨਾਲ ਕਰ ਪਾਉਣ ਵਾਲਿਆਂ ਲਈ ਵਧੇਰੇ ਤਰਜੀਹੀ ਸਹਾਇਤਾ ਨੂੰ ਸਮਰੱਥ ਕਰਨ ਲਈ, ਜਿਵੇਂ ਕਿ ਘੱਟ ਆਮਦਨ ਵਾਲੇ ਘਰ, ਨਿੱਜੀ ਕਿਰਾਏਦਾਰ, ਜਨਤਕ ਅਤੇ ਸਮਾਜਿਕ ਰਿਹਾਇਸ਼ ਵਿੱਚਲੇ ਕਿਰਾਏਦਾਰ, ਨਾਲ ਹੀ ਦੇਸ਼ ਦੇ ਪਹਿਲੇ ਨਿਵਾਸੀਆਂ, ਬਹੁ-ਸਭਿਆਚਾਰਕ, ਅਤੇ ਦਿਹਾਤੀ ਅਤੇ ਦੂਰ-ਦੁਰਾਡੇ ਦੇ ਭਾਈਚਾਰੇ।
- ✅ ਸਿਹਤਮੰਦ, ਸੁਰੱਖਿਅਤ ਘਰ ਬਣਾਉਣ ਲਈ ਜੋ ਬਿਹਤਰ ਅੰਦਰੂਨੀ ਹਵਾ ਦੀ ਗੁਣਵੱਤਾ ਦੇ ਨਾਲ ਨਿੱਘਾ ਅਤੇ ਠੰਢਾ ਕਰਨਾ ਸੌਖਾ ਹੋਵੇ।
- ✅ ਘਰੇਲੂ ਊਰਜਾ ਵਿੱਚ ਨਵੀਆਂ ਉੱਚ ਗੁਣਵੱਤਾ ਵਾਲੀਆਂ ਸੁਰੱਖਿਅਤ ਨੌਕਰੀਆਂ ਅਤੇ ਮਹਿਫੂਜ਼ ਕੈਰੀਅਰ ਬਣਾਉਣ ਲਈ।
- ✅ ਜਲਵਾਯੂ ਅਤੇ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ।

## ਚੰਗੇ ਲਈ ਊਰਜਾ ਖਰਚਿਆਂ ਵਿੱਚ ਕਟੌਤੀ ਕਰਨ ਦੀ ਸਾਡੀ ਯੋਜਨਾ

### 1. ਹੁਣੇ ਬਿਜਲੀ ਦੇ ਬਿੱਲਾਂ ਵਿੱਚ ਕਟੌਤੀ ਕਰਨਾ

ਘਰੇਲੂ ਊਰਜਾ ਅੱਪਗ੍ਰੇਡ ਦੀ ਅਗਾਊਂ ਲਾਗਤ ਨੂੰ ਘਟਾਉਣ ਜਾਂ ਖਤਮ ਕਰਨ ਲਈ ਤੁਰੰਤ ਸਬਸਿਡੀਆਂ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ **5 ਬਿਲੀਅਨ ਡਾਲਰ ਦੇ ਤੁਰੰਤ** ਨਿਵੇਸ਼ ਦੇ ਨਾਲ, ਰਹਿਣ ਦੀ ਲਾਗਤ ਦੇ ਸੰਕਟ ਨਾਲ ਸਭ ਤੋਂ ਵੱਧ ਪ੍ਰਭਾਵਿਤ ਆਸਟ੍ਰੇਲੀਆ ਦੇ ਲੱਖਾਂ ਪਰਿਵਾਰਾਂ ਲਈ ਛੱਤ 'ਤੇ ਸੋਲਰ ਅਤੇ ਬੈਟਰੀਆਂ।

### 2. ਕੁਸ਼ਲ, ਆਲ-ਇਲੈਕਟ੍ਰਿਕ ਭਵਿੱਖ ਵਿੱਚ ਨਿਵੇਸ਼ ਕਰਨਾ

ਊਰਜਾ ਬਿੱਲਾਂ ਨੂੰ ਘਟਾਉਣ ਅਤੇ ਹਰ ਕਿਸੇ ਲਈ ਜਲਵਾਯੂ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਮਦਦ ਕਰਨ ਲਈ **10 ਸਾਲਾਂ ਵਿੱਚ ਘੱਟੋ ਘੱਟ 50 ਬਿਲੀਅਨ ਡਾਲਰ ਦੇ** ਨਾਲ ਆਸਟ੍ਰੇਲੀਆ ਦੇ ਘਰਾਂ ਅਤੇ ਭਾਈਚਾਰਿਆਂ ਨੂੰ ਛੱਤ 'ਤੇ ਸੋਲਰ, ਬੈਟਰੀਆਂ, ਬਿਜਲੀ ਦੇ ਉਪਕਰਣਾਂ ਅਤੇ ਥਰਮਲ ਸੁਧਾਰਾਂ ਨਾਲ ਮੁੜ ਤਾਕਤ ਦੇਣਾ।

### 3. ਲਾਭਾਂ ਨੂੰ ਨਿਰਪੱਖ ਤਰੀਕੇ ਨਾਲ ਸਾਂਝਾ ਕਰਨਾ

ਟੀਚਾਬੱਧ ਸਹਾਇਤਾ ਅਤੇ ਨਿਵੇਸ਼ ਦੇ ਨਾਲ ਜੋ ਉਨ੍ਹਾਂ ਲੋਕਾਂ ਨੂੰ ਤਰਜੀਹ ਦਿੰਦਾ ਹੈ ਜੋ ਘੱਟ ਆਮਦਨ ਵਾਲੇ ਘਰਾਂ ਵਰਗੇ ਉੱਚ ਬਿਜਲੀ ਬਿੱਲਾਂ ਨਾਲ ਸਭ ਤੋਂ ਵੱਧ ਸੰਘਰਸ਼ ਕਰ ਰਹੇ ਹਨ, ਕਿਰਾਏਦਾਰਾਂ ਅਤੇ ਭਾਈਚਾਰਿਆਂ ਨੂੰ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਵਿੱਚ ਘੱਟੋ ਘੱਟ ਕਿਰਾਏ ਦੇ ਮਿਆਰ ਅਤੇ ਕਰਮਚਾਰੀਆਂ ਲਈ ਕਿਰਤ ਮਿਆਰਾਂ ਵਰਗੀਆਂ ਮਜ਼ਬੂਤ ਸੁਰੱਖਿਆਵਾਂ ਸ਼ਾਮਲ ਹਨ।

Punjabi | ਪੰਜਾਬੀ

# ਪੈਕੇਜ ਵਿੱਚ ਕੀ ਕੁਝ ਹੈ?

**ਇਨ੍ਹਾਂ ਤਿੰਨ ਨਤੀਜਿਆਂ ਨੂੰ ਪ੍ਰਦਾਨ ਕਰਨ ਲਈ ਫੰਡਿੰਗ, ਨੀਤੀਆਂ, ਨਿਯਮ ਅਤੇ ਸਹਾਇਤਾ**

1. ਬਿਜਲੀ ਦੇ ਬਿੱਲ ਹੁਣੇ ਘਟਾਉਣਾ
2. ਕੁਸ਼ਲ, ਆਲ-ਇਲੈਕਟ੍ਰਿਕ ਭਵਿੱਖ ਵਿੱਚ ਨਿਵੇਸ਼ ਕਰਨਾ
3. ਲਾਭਾਂ ਨੂੰ ਨਿਰਪੱਖ ਤਰੀਕੇ ਨਾਲ ਸਾਂਝਾ ਕਰਨਾ




### ਊਰਜਾ ਅੱਪਗ੍ਰੇਡਾਂ ਲਈ ਫੰਡਿੰਗ

ਸੋਲਰ ਪੈਨਲਾਂ, ਬੈਟਰੀਆਂ ਅਤੇ ਕੁਸ਼ਲ ਉਪਕਰਣਾਂ ਵਰਗੀਆਂ ਚੀਜ਼ਾਂ ਦੀ ਅਗਾਊਂ ਲਾਗਤ ਨੂੰ ਘਟਾਉਣ ਲਈ ਊਰਜਾ ਅੱਪਗ੍ਰੇਡਾਂ ਲਈ ਫੰਡਿੰਗ, ਜਿਸ ਵਿੱਚ ਜੀਵਨ ਦੀ ਲਾਗਤ ਨਾਲ ਸਭ ਤੋਂ ਵੱਧ ਪ੍ਰਭਾਵਿਤ ਲੋਕਾਂ ਲਈ ਟੀਚਾਬੱਧ ਪ੍ਰੋਗਰਾਮ ਸ਼ਾਮਲ ਹਨ ਤਾਂ ਜੋ ਘਰੇਲੂ ਊਰਜਾ ਬਿੱਲਾਂ ਵਿੱਚ ਕਟੌਤੀ ਕਰਨ ਵਿੱਚ ਮਦਦ ਕੀਤੀ ਜਾ ਸਕੇ।

### ਸਿੱਖਿਆ, ਸਿਖਲਾਈ ਅਤੇ ਲਾਇਸੈਂਸ

ਸਿਖਿਆਰਥੀਆਂ ਅਤੇ TAFE ਲਈ ਫੰਡਾਂ ਦੇ ਨਾਲ ਸੋਲਰ ਪੈਨਲਾਂ, ਬੈਟਰੀਆਂ, ਮੌਸਮ ਤੋਂ ਬਚਾਅ ਅਤੇ ਕੁਸ਼ਲ ਉਪਕਰਣਾਂ ਵਰਗੇ ਊਰਜਾ ਬੁਨਿਆਦੀ ਢਾਂਚੇ ਦੀ ਸੁਰੱਖਿਅਤ, ਉੱਚ ਗੁਣਵੱਤਾ ਵਾਲੇ ਅੱਪਗ੍ਰੇਡ, ਸਥਾਪਨਾਵਾਂ ਅਤੇ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ।

### ਲਾਗੂ ਕਰਨਾ ਅਤੇ ਮਾਰਗਦਰਸ਼ਨ

ਫ਼ੈਡਰਲ ਸਰਕਾਰ ਦੀ ਏਜੰਸੀ ਜੋ ਰਾਜ/ਸਥਾਨਕ ਸਰਕਾਰਾਂ ਅਤੇ ਇਸ ਨੂੰ ਲਗਾਉਣ ਵਾਲੇ ਭਾਈਵਾਲਾਂ ਦੇ ਨਾਲ, ਇਕ ਰਾਸ਼ਟਰੀ ਮਾਨਤਾ ਢਾਂਚੇ ਸਮੇਤ ਲਾਗੂ ਕਰਨ ਦੀ ਨਿਗਰਾਨੀ ਕਰੇਗੀ।

### ਜਾਣਕਾਰੀ, ਸਹਾਇਤਾ ਅਤੇ ਸਲਾਹ

ਆਸਟ੍ਰੇਲੀਆ ਦੇ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਬਿਜਲੀ ਬਿੱਲਾਂ ਨੂੰ ਘਟਾਉਣ ਅਤੇ ਉਹਨਾਂ ਦੀ ਯੋਗ ਮਦਦ ਤੱਕ ਪਹੁੰਚ ਕਰਨ ਵਿੱਚ ਮਦਦ ਕਰਨ ਲਈ ਜਾਣਕਾਰੀ, ਸਹਾਇਤਾ ਅਤੇ ਸਲਾਹ, ਜਿਸ ਵਿੱਚ ਸਥਾਨਕ, ਸਭਿਆਚਾਰਕ ਤੌਰ 'ਤੇ ਢੁਕਵੀਂ ਅਤੇ ਭਾਸ਼ਾ ਵਿੱਚ ਪ੍ਰਦਾਨ ਕੀਤੀ ਗਈ ਸਹਾਇਤਾ ਵੀ ਸ਼ਾਮਲ ਹੈ।

# ਘਰਾਂ ਲਈ ਵਧੇਰੇ ਨਵਿਆਉਣਯੋਗ ਊਰਜਾ ਹੋਰ ਕੀ ਪ੍ਰਦਾਨ ਕਰ ਸਕਦੀ ਹੈ?

ਛੱਤ 'ਤੇ ਸੋਲਰ ਲਗਾਉਣ ਤੋਂ ਬਾਅਦ ਸਾਲਾਨਾ ਬਿੱਲ ਵਿੱਚ **$1390** ਡਾਲਰ ਬੱਚਤ [1]

**45.8GW** ਦੀ ਨਵੀਂ ਊਰਜਾ ਸਮਰੱਥਾ [2]

**18,000** ਨਵੀਆਂ ਨੌਕਰੀਆਂ [3]

**40Mt** ਪ੍ਰਦੂਸ਼ਣ ਤੋਂ ਬਚਾਅ [4]

1. Solar Citizens & Australian PV Institute (2024), 'Rooftop solar potential of Australian housing stock'
2. Solar Citizens & Australian PV Institute (2024), 'Rooftop solar potential of Australian housing stock'
3. Clean Energy Council (2024) 'Powering homes, empowering people: A national Consumer Energy Resources roadmap'
4. Rewiring Australia (2024) based on analysis of Solar Citizens / APVI (2024) and DCCEEW National Greenhouse Accounts Factors (2023)

## ਚੰਗੇ ਲਈ ਊਰਜਾ ਬਿੱਲਾਂ ਵਿੱਚ ਕਟੌਤੀ ਕਰਨ ਦੀ ਸਾਡੀ ਯੋਜਨਾ ਬਾਰੇ ਹੋਰ ਜਾਣੋ:

**renewaustraliaforall.org**